# ANGEL'S PUBLIC SCHOOL

Strive for Perfection

**SAMPLE PAPER**
**PERIODIC TEST – I SESSION 2021 – 22**
**CLASS – IX**

**TIME: 1.5 HRS** **SUBJECT: PUNJABI** **M.M:50**

ਨੋਟ - ਸਾਰੇ ਪ੍ਰਸ਼ਨ ਜਰੂਰੀ ਹਨ ।
ਲਿਖਾਈ ਸਾਫ - ਸੁਥਰੀ ਕਰੋ ।

## ਭਾਗ - ੳ

ਪੜ੍ਹਨ ਕੌਸ਼ਲ (ਅਣਡਿੱਠਾ ਪੈਰਾ) (5x1=5)

(1) ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ ਲੱਗਦਾ ਹੋਣ ਕਰਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਲ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਦੂਰ-ਦੂਰ ਤੱਕ ਇਹ ਮੇਲਾ ਇੰਨਾ ਮਸ਼ਹੂਰ ਹੈ ਕਿ ਇਹ ਟੋਟਕਾ ਆਪਮੁਹਾਰੇ ਹੀ ਲੋਕਾਂ ਦੀ ਜ਼ੁਬਾਨ ਵਿੱਚੋਂ ਫੁੱਟ ਪੈਂਦਾ ਹੈ : "ਦਾਲ਼ ਮਾਂਹਾਂ ਦੀ, ਛਿੰਝ ਛਰਾਹਾਂ ਦੀ।"

(i) ਪੰਜਾਬੀ ਕਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਹਨ ?
(ੳ) ਗੁੱਸੇ ਖੋਰ ☐ (ਅ) ਸਖ਼ਤ ☐ (ੲ) ਖੁੱਲ੍ਹੇ-ਡੁੱਲ੍ਹੇ ☐ (ਸ) ਹੱਸਮੁਖ ☐

(ii) ਵੱਡੇ ਮੇਲੇ ਪੰਜਾਬ ਦੇ ਕਿਹੜੇ ਇਲਾਕਿਆਂ ਵਿੱਚ ਲੱਗਦੇ ਹਨ ?
(ੳ) ਘੁੱਗ ਵਸਦੇ ☐ (ਅ) ਪੇਂਡੂ ☐ (ੲ) ਸ਼ਹਿਰੀ ☐ (ਸ) ਪਹਾੜੀ ☐

(iii) 'ਛਿੰਝ ਛਰਾਹਾਂ ਦੀ' ਸਦੀਆਂ ਪੁਰਾਣਾ ਮੇਲਾ ਕਿਹੜੇ ਪਹਾੜੀ ਇਲਾਕੇ ਨਾਲ ਸੰਬੰਧਿਤ ਹੈ ?
(ੳ) ਉੱਚੇ ਪਹਾੜੀ ☐ (ਅ) ਪਛੜੇ ਨੀਮ-ਪਹਾੜੀ ☐
(ੲ) ਠੰਢੇ ਪਹਾੜੀ ☐ (ਸ) ਨੀਵੇਂ ਪਹਾੜੀ ☐

(iv) ਬੀਤ ਦਾ ਇਲਾਕਾ ਕਿਹੜੀਆਂ ਪਹਾੜੀਆਂ ਦੀ ਗੋਦ ਵਿੱਚ ਵੱਸਿਆ ਹੋਇਆ ਹੈ ?
(ੳ) ਸ਼ਿਵਾਲਿਕ ☐ (ਅ) ਨੀਵੀਆਂ ☐
(ੲ) ਉੱਚੀਆਂ ☐ (ਸ) ਨੀਮ-ਪਹਾੜੀਆਂ ☐

(v) 'ਛਿੰਝ ਛਰਾਹਾਂ ਦੀ' ਦਾ ਮੇਲਾ ਕਿਸ ਮਹੀਨੇ ਦੇ ਜੇਠੇ ਐਤਵਾਰ ਤੋਂ ਸ਼ੁਰੂ ਹੁੰਦਾ ਹੈ ?
(ੳ) ਜੇਠ ☐ (ਅ) ਮੱਘਰ ☐ (ੲ) ਪੋਹ ☐ (ਸ) ਮਾਘ ☐

2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ 'ਤੇ ਟਿੱਕ (✔) ਕਰੋ— (5x1=5)

ਗੁਰੂਆਂ ਪੀਰਾਂ ਦੀ ਇਹ ਧਰਤੀ, ਇਸ ਤੋਂ ਸਦਕੇ ਜਾਵਾਂ,
ਭਗਤ ਸਿੰਘ, ਸੁਖਦੇਵ, ਸਰਾਭੇ ਜੰਮਣ ਇੱਥੇ ਮਾਵਾਂ ।
ਇਸ ਧਰਤੀ ਨੇ ਪੈਦਾ ਕੀਤੇ ਯੋਧੇ ਤੇ ਬਲਕਾਰੀ,
ਮੈਂ ਗੱਭਰੂ ਪੰਜਾਬ ਦਾ, ਮੈਨੂੰ ਜਾਣੇ ਦੁਨੀਆ ਸਾਰੀ ।

(*i*) ਮਾਵਾਂ ਕਿਹੋ ਜਿਹੇ ਪੁੱਤਰਾਂ ਨੂੰ ਜਨਮ ਦਿੰਦੀਆਂ ਹਨ ?
(ੳ) ਭਗਤ ਸਿੰਘ ☐ (ਅ) ਸੁਖਦੇਵ ਸਿੰਘ ☐
(ੲ) ਕਰਤਾਰ ਸਿੰਘ ਸਰਾਭਾ ☐ (ਸ) ਉਪਰੋਕਤ ਤਿੰਨੋਂ ਜਿਹੇ ☐

(*ii*) ਸਾਡੀ ਧਰਤੀ ਕਿਸ ਦੀ ਧਰਤੀ ਹੈ ?
(ੳ) ਗੁਰੂਆਂ ਪੀਰਾਂ ਦੀ ☐ (ਅ) ਗੱਭਰੂਆਂ ਦੀ ☐
(ੲ) ਪੰਜਾਬ ਦੀ ☐ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ ☐

(*iii*) ਸਾਡੀ ਧਰਤੀ 'ਤੇ ਕਿਹੋ ਜਿਹੇ ਬੰਦੇ ਪੈਦਾ ਹੋਏ ?
(ੳ) ਯੋਧੇ ☐ (ਅ) ਬਲਕਾਰੀ ☐
(ੲ) ੳ ਅਤੇ ਅ ਦੋਵੇਂ ☐ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ ☐

(*iv*) ਉਪਰੋਕਤ ਸਤਰਾਂ ਵਿੱਚ ਕਵੀ ਕਿਸ ਦੇ ਸਦਕੇ ਜਾਂਦਾ ਹੈ ?
(ੳ) ਗੱਭਰੂਆਂ ਦੇ ☐ (ਅ) ਧਰਤੀ ਦੇ ☐
(ੲ) ਗੁਰੂਆਂ ਪੀਰਾਂ ਦੀ ਧਰਤੀ ਦੇ ☐ (ਸ) ਪੰਜਾਬ ਦੀ ਧਰਤੀ ਦੇ ☐

(*v*) ਕਵੀ ਇਹਨਾਂ ਸਤਰਾਂ ਵਿੱਚ ਕਿਸ ਦਾ ਗੁਣਗਾਨ ਕਰਦਾ ਹੈ ?
(ੳ) ਪੰਜਾਬ ਦੀ ਧਰਤੀ ਦਾ ☐ (ਅ) ਸੂਰਬੀਰਾਂ ਦੀ ਬਹਾਦਰੀ ਦਾ ☐
(ੲ) ਯੋਧਿਆਂ ਦਾ ☐ (ਸ) (ੳ) ਤੇ (ਅ) ਦੋਵਾਂ ਦਾ ☐

**ਵਿਆਕਰਨ ਬਹੁ - ਵਿਕਲਪੀ** **(3x1=3)**

**(੩)** (*i*) 'ਪ੍ਰੀਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ—
(ੳ) ਪਿਆਰ ☐ (ਅ) ਘਿਰਣਾ ☐ (ੲ) ਬੁਰਾਈ ☐ (ਸ) ਅਣਸੁਖਾਵੀਂ ☐

(*ii*) 'ਬਹਾਦਰ' ਦੇ ਦੋ ਵਿਰੋਧੀ ਸ਼ਬਦ ਚੁਣੋ—
(ੳ) ਕਾਇਰ ☐ (ਅ) ਡਰਾਕਲ ☐ (ੲ) ਸੂਰਮਾ ☐ (ਸ) ਬੁਜ਼ਦਿਲ ☐

(*iii*) 'ਦੇਸੀ' ਦੇ ਦੋ ਵਿਰੋਧੀ ਸ਼ਬਦ ਚੁਣੋ—
(ੳ) ਵਿਦੇਸ਼ੀ ☐ (ਅ) ਸਵਦੇਸ਼ੀ ☐ (ੲ) ਪਰਦੇਸੀ ☐ (ਸ) ਹਮਸਾਇਆ ☐

(4) (*i*) 'ਕਸਾਈ' ਸ਼ਬਦ ਦਾ ਇਸਤਰੀ-ਲਿੰਗ ਕਿਹੜਾ ਹੋਵੇਗਾ : **(3x1=3)**

(ੳ) ਕਸੈਣ ☐ (ਅ) ਕਸਾਈਅਨ ☐ (ੲ) ਕਸਾਇਣ ☐ (ਸ) ਕਸਾਈਨ ☐

(*ii*) 'ਸਾਈਕਲ' ਸ਼ਬਦ ਪੁਲਿੰਗ ਹੈ ਜਾਂ ਇਸਤਰੀ-ਲਿੰਗ ?

(ੳ) ਪੁਲਿੰਗ ☐ (ਅ) ਇਸਤਰੀ-ਲਿੰਗ ☐ (ੲ) ਦੋਵੇਂ ☐ (ਸ) ਨਪੁੰਸਕ ਲਿੰਗ ☐

(*iii*) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?

(ੳ) ਸੱਸ ☐ (ਅ) ਸ਼ਾਲ ☐ (ੲ) ਸੋਟਾ ☐ (ਸ) ਕਾਂ ☐

## <u>ਭਾਗ - ਅ (ਪਾਠ - ਪੁਸਤਕਾਂ)</u>

**(5) ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਚੁਣੋ:-** (6x1=6)

**(ੳ)** ਵਹਿਮੀ ਤਾਇਆ ਪਾਠ ਦਾ ਮੁੱਖ ਪਾਤਰ ਕੋਣ ਹੈ ?

(1) ਤਾਇਆ ਨਿਹਾਲਾ (2) ਤਾਇਆ ਦਿਆਲਾ (3) ਤਾਇਆ ਮਨਸਾ ਰਾਮ (4) ਤਾਈਆ ਗੁਪਾਲਾ

**(ਅ)** ਜੋਤੀ ਕਿਹੜੀ ਜਮਾਤ ਵਿਚ ਪੜਦਾ ਸੀ ?

(1) ਪਹਿਲੀ ਵਿੱਚ (2) ਕੇ.ਜੀ ਵਿਚ (3) ਲੋਅਰ ਕੇ ਜੀ (4) ਦੂਜੀ ਵਿਚ

**(ੲ)** ਜਨਮ ਦਿਨ ਕਹਾਣੀ ਦਾ ਲੇਖਕ ਕੌਣ ਹੈ ?

(1) ਸੰਤੋਖ ਸਿੰਘ (2) ਨਵਤੇਜ ਸਿੰਘ (3) ਸਵਿੰਦਰ ਸਿੰਘ ਉੱਪਲ (4) ਨੌਰੰਗ ਸਿੰਘ

**(ਸ)** ਸੂਬਾ ਸਿੰਘ ਦਾ ਜੀਵਨ ਕਾਲ ਦਸੋ ।

(1) 1913–1973 ਈ (2) 1925- 2009 ਈ (3) 1912 - 81 ਈ (4) 1889–1977 ਈ

**(ਹ)** ਸਾਧੂ ਦਾ ਜੋਟੀਦਾਰ ਕੌਣ ਸੀ ?

(1) ਮੋਨਧਾਰੀ (2) ਹਰੀ ਚੰਦ (3) ਮਦਨ ਲਾਲ (4) ਕਿਸ਼ੋਰ

**(ਕ) ਰਾਮ ਪਿਆਰੀ ਕਿੰਨੇ ਨੰਬਰ ਦੇ ਕੁਆਰਟਰ ਵਿੱਚ ਰਹਿੰਦੀ ਹੈ?**

(1) ਦਸ (2) ਬਾਰ੍ਹਾਂ (3) ਚੌਦਾਂ (4) ਵੀਹ

## <u>ਭਾਗ - ਅ (ਵਰਨਣਾਤਮਕ ਪ੍ਰਸ਼ਨ)</u>

## <u>ਪਾਠ ਪੁਸਤਕਾਂ ਤੇ ਅਧਾਰਿਤ</u>

**(6) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20 - 25 ਸੰਬਦਾਂ ਵਿਚ ਦਸੋ ।** (6x2=12)

**(ੳ)** ਵਹਿਮੀਆਂ ਨਾਲ ਮੁਕਾਬਲਾ ਕਿਉ ਨਹੀਂ ਕੀਤਾ ਜਾ ਸਕਦਾ ਹੈ

**(ਅ)** ਸਕੂਲ ਦੇ ਪ੍ਰਿਸੀਪਲ ਨੇ ਜੁਗਲ ਕਿਸ਼ੋਰ ਨੂੰ ਵਧਾਈ ਕਿਉਂ ਦਿੱਤੀ ।

**(ੲ)** ਸਾਧੂ ਹਰੀ ਚੰਦ ਨੂੰ ਕਿਹੜੀ ਔਸ਼ਧੀ ਬਾਰੇ ਦੱਸਦਾ ਹੈ ।

**(ਸ)** ਭਾਈ ਵੀਰ ਸਿੰਘ ਨੇ ਸਮੇਂ ਬਾਰੇ ਕੀ ਕਿਹਾ ਹੈ ?

**(ਹ)** ਜੁਗਲ ਕਿਸ਼ੋਰ ਤੇ ਉਸਕੀ ਪਤਨੀ ਖੁਸ਼ ਕਿਉਂ ਸੀ ?

**(ਕ)** ਰਾਮ ਪਿਆਰੀ ਕਿਹੋ ਜਿਹੀ ਔਰਤ ਹੈ ?

**(7) ਹੇਠ ਲਿਖੇ ਪ੍ਰਸ਼ਨਾਂ ਵਿਚੋ ਕਿਸੇ ਇਕ ਦਾ ਉਤਰ 40 - 50 ਸ਼ਬਦਾਂ ਵਿਚ ਦਿਓ ।** (3)

'ਸਮਾਂ' ਕਵਿਤਾ ਵਿਚੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

**ਜਾਂ**

ਕਵੀ ਲੇ ਸਮੇਂ ਨੂੰ ਰੋਕਣ ਲਈ ਕੀ - ਕੀ ਯਤਨ ਕੀਤੇ ਤੇ ਉਹ ਉਸ ਨੂੰ ਕਿਉ ਨਹੀਂ ਰੋਕ ਸੱਕਿਆ ।

**(8) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਦਾ ਉੱਤਰ 40 - 50 ਸ਼ਬਦਾਂ ਵਿਚ ਦਿਓ :-** (3)

ਡਾਕਟਰ ਹਰੀ ਚੰਦ ਦੀ ਬਿਮਾਰੀ ਬਾਰੇ ਕੀ ਦੱਸਦਾ ਹੈ ?

**ਜਾਂ**

ਤਕਾਲਾਂ ਨੂੰ ਸਾਰਾ ਟੱਬਰ ਕਿਸ ਗੱਲ ਦਾ ਇੰਤਜ਼ਾਰ ਕਰ ਰਿਹਾ ਸੀ ?

**(9) 'ਹੇਠ ਲਿਖੇ ਪ੍ਰਸ਼ਨਾਂ ਵਿੱਚੋ ਕਿਸੇ ਇਕ ਦਾ ਉੱਤਰ 40 - 50 ਸ਼ਬਦਾਂ ਵਿਚ ਦਿਓ -** (3)

ਵਹਿਮੀ ਤਾਇਆ ਪਾਠ ਦਾ ਸਾਰ ਲਿਖੋ ।

**ਜਾਂ**

ਸਾਧੂ ਦਾ ਚਰਿੱਤਰ ਚਿਤਰਨ ਕਰੋ ।

**<u>ਪ੍ਰਭਾਵਸ਼ਾਲੀ ਲਿਖਣ ਕੌਸ਼ਲ</u>**

**(10)** ਤੁਹਾਡੇ ਪਿਤਾ ਜੀ ਮੁੰਬਈ ਰਹਿੰਦੇ ਹਨ । ਉਹਨਾਂ ਨੂੰ ਮਾਤਾ ਜੀ ਦੀ ਸਿਹਤ ਬਾਰੇ ਦੱਸਦੇ ਹੋਏ ਪੱਤਰ ਲਿਖੋ । (7)

**ਜਾਂ**

ਆਪਣੇ ਭੂਆ ਜੀ ਨੂੰ ਜਨਮ ਦਿਨ ਤੇ ਆਉਣ ਲਈ ਸੱਦਾ ਦਿੰਦੇ ਹੋਏ ਪੱਤਰ ਲਿਖੋ ।